# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 15 ਜੂਨ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤ ਫੇਰੀ ਮੰਡਲ ਵੱਲੋਂ ਸ਼੍ਰੀ ਮਦ ਭਾਗਵਤ ਸਪਤਾਹ 7 ਜੁਲਾਈ ਤੋਂ।

ਵਰਲਡ ਪੰਜਾਬੀ ਟਾਈਮਜ਼ – ਪਵਨ ਗੁਪਤਾ

ਅਹਿਮਦਗੜ੍ਹ 15 ਜੂਨ : ਸ਼੍ਰੀ ਰਾਧਾ ਰਾਣੀ ਸਾਂਝੀ ਰਸੋਈ ਪ੍ਰਭਾਤਫੇਰੀ ਮੰਡਲ ਅਹਿਮਦਗੜ੍ਹ ਵੱਲੋਂ ਸ਼੍ਰੀਮਦ ਭਾਗਵਤ ਕਥਾ ਸ਼੍ਰੀ ਰਮੇਸ਼ ਬਾਬਾ ਜੀ ਬਰਸਾਨਾ ਵਾਲਿਆਂ ਦੇ ਆਸ਼ੀਰਵਾਦ ਨਾਲ 7 ਜੁਲਾਈ 2024 ਤੋਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਪ੍ਰਭਾਤ ਫੇਰੀ ਮੰਡਲ ਵੱਲੋਂ ਪ੍ਰਧਾਨ ਰਮਨ ਸੂਦ ਸਰਪ੍ਰਸਤ ਰਾਜੇਸ਼ ਜੋਸ਼ੀ ਹੈਪੀ ਤੇਜ ਕਾਂਸਲ ਲਲਿਤ ਗੁਪਤਾ ਸੰਜੀਵ ਵਰਮਾ ਦੀ ਅਗਵਾਈ ਹੇਠ ਭਾਗਵਤ ਸੰਬੰਧੀ ਪੋਸਟਰ ਜਾਰੀ ਕੀਤਾ ਗਿਆ। ਸਰਪ੍ਰਸਤ ਰਾਜੇਸ਼ ਜੋਸ਼ੀ ਹੈਪੀ ਪ੍ਰਧਾਨ ਰਮਨ ਸੂਦ ਅਤੇ ਲਲਿਤ ਗੁਪਤਾ ਨੇ ਦੱਸਿਆ ਕਿ ਸ਼੍ਰੀਮਦ ਭਾਗਵਤ ਸਪਤਾਹ ਹਰ ਰੋਜ਼ ਸ਼ਾਮ




7:30 ਵਜੇ ਤੋਂ ਰਾਤ 10:30 ਵਜੇ ਤੱਕ ਦਯਾਨੰਦ ਆਦਰਸ਼ ਵਿਦਿਆਲਿਆ ਸਕੂਲ ਰੇਲਵੇ ਰੋਡ ਵਿਖੇ ਹੋਵੇਗਾ। ਇਸ ਕਥਾ ਵਿੱਚ ਮਾਨ ਮੰਦਰ ਬਰਸਾਨਾ ਤੋਂ ਭਜਨ ਗਾਇਕ ਸਵਾਮੀ ਨਰਸਿੰਘ ਦਾਸ ਜੀ ਅਤੇ ਕਥਾਵਾਚਕ ਸੁਸ਼੍ਰੀ ਗੌਰੀ ਜੀ ਸੰਗਤਾਂ ਨੂੰ ਗਿਆਨ ਨਾਲ ਨਿਹਾਲ ਕਰਨਗੇ। ਤੇਜ ਕਾਂਸਲ ਤਰੁਣ ਸਿੰਗਲਾ ਗੋਲਡੀ ਗਰਗ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਭਾਗਵਤ ਕਥਾ ਦੇ ਸ਼ੁਭ ਮੌਕੇ ਦਾ ਲਾਭ ਉਠਾਉਣ ਅਤੇ ਕਥਾ ਦਾ ਗਿਆਨ ਲੈ ਕੇ ਆਪਣਾ ਜੀਵਨ ਸਫਲ ਕਰਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੀ ਮਤੀ ਸਰਿਤਾ ਸੋਫਤ, ਨੈਨਸੀ ਜਿੰਦਲ, ਪੂਨਮ ਗਰਗ, ਮੀਨਾਕਸ਼ੀ ਗੁਪਤਾ, ਮੰਜਿਸ਼ਠਾ ਗੁਪਤਾ, ਵੰਦਨਾ ਗਰਗ, ਰਿਤੂ ਗੋਇਲ, ਆਰਤੀ ਸ਼ਰਮਾ, ਵੀਨਾ ਸ਼ਰਮਾ, ਸ਼ਸ਼ੀ ਜੋਸ਼ੀ, ਸ਼ਾਰਦਾ ਸਿੰਗਲਾ, ਵਨੀਤਾ ਵਰਮਾ, ਵੇਦਿਕਾ ਵਰਮਾ, ਸੁਸ਼ਮਾ ਵਰਮਾ, ਰੀਟਾ ਰਾਣੀ, ਦੇਸ ਰਾਜ ਸ਼ਰਮਾ, ਨੀਤੂ ਕਾਂਸਲ, ਸਰਿਤਾ ਗਰਗ, ਏਕਤਾ ਢੰਡ, ਸੂਦ ਆਂਟੀ, ਜੋਤੀ ਗੋਗਨਾ, ਕੰਚਨ ਰਾਣੀ, ਮੁਕੇਸ਼ ਕੁਮਾਰ, ਅਨਿਲ ਜੋਸ਼ੀ, ਰਮੇਸ਼ ਚੰਦ ਘਈ, ਰਾਮ ਦਿਆਲ, ਸ਼ੁਭਮ ਕੁਮਾਰ, ਅਮਿਤ ਸੂਦ, ਰਿੰਕੂ ਸੂਦ, ਪਵਨ ਸੂਦ, ਰਮੇਸ਼ ਸਿੰਗਲਾ, ਰਜਿੰਦਰ ਗੋਇਲ, ਦੀਪਕ ਸਿੰਗਲਾ, ਰਾਜੂ ਸਿੰਗਲਾ, ਨਿਸ਼ਾ ਗੋਇਲ, ਨਰੇਸ਼ ਕਾਲੜਾ, ਗਿਆਨ ਸਿੰਗਲਾ, ਸੁਨੀਤਾ ਜੋਸ਼ੀ, ਰਕਸ਼ਾ ਜੋਸ਼ੀ, ਸੇਠੀ ਇਲੈਕਟ੍ਰੀਕਲ, ਰਾਜੇਸ਼ ਜੋਸ਼ੀ ਹੈਪੀ, ਸੰਜੀਵ ਵਰਮਾ, ਰਿਤਿਕ ਵਰਮਾ, ਤਰੁਣ ਸਿੰਗਲਾ, ਗੋਲਡੀ ਗਰਗ, ਤੇਜ ਕਾਸਲ, ਸਾਰਥਕ ਜੋਸ਼ੀ, ਡਾ. ਰਾਜੀਵ ਰਾਜੂ, ਲੈਕ: ਲਲਿਤ ਗੁਪਤਾ ਜੋਸ਼ੀ ਪਰਿਵਾਰ ਆਦਿ ਹਾਜ਼ਰ ਸਨ।

## ਨਰਮੇ ਦੀ ਫ਼ਸਲ ਨੂੰ ਕੀੜਿਆਂ ਤੋਂ ਬਚਾਉਣ ਅਤੇ ਭਰਪੂਰ ਪੈਦਾਵਰ ਲਈ ਨਿਰੰਤਰ ਨਿਰੀਖਣ ਦੀ ਜ਼ਰੂਰਤ : ਡਾ. ਅਮਰੀਕ ਸਿੰਘ


ਵਰਲਡ ਪੰਜਾਬੀ ਟਾਈਮਜ਼ – ਧਰਮ ਪ੍ਰਵਾਨਾਂ

ਫਰੀਦਕੋਟ , 15 ਜੂਨ : ਜ਼ਿਲਾ ਫਰੀਦਕੋਟ ਵਿੱਚ ਨਰਮੇ ਦੀ ਫਸਲ ਦੀ ਪੁਨਰ ਸੁਰਜੀਤੀ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਅਮਰੀਕ ਸਿੰਘ ਨੇ ਬਲਾਕ ਕੋਟਕਪੂਰਾ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਕੀਤਾ ਅਤੇ ਨਰਮੇ ਦੀਫਸਲ ਦਾ ਜਾਇਜ਼ਾ ਲਿਆ। ਦੌਰੇ ਦੌਰਾਨ ਉਨ੍ਹਾਂ ਦੇ ਨਾਲ ਦਾ ਡਾ. ਪਰਮਿੰਦਰ ਸਿੰਘ, ਡਾ. ਲਖਵੀਰ ਸਿੰਘ, ਹਰਜਿੰਦਰ ਸਿੰਘ, ਜਸਵੰਤ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਅਤੇ ਰਾਜਾ ਸਿੰਘ ਸਹਾਇਕ ਤਕਨਾਲੋਜੀ ਪ੍ਰਬੰਧਕ ਹਾਜ਼ਰ ਸਨ।



ਪਿੰਡ ਖਾਰਾ ਵਿਚ ਨਰਮਾ ਉਤਪਾਦਕਾਂ ਨਾਲ ਗੱਲਬਾਤ ਕਰਦਿਆਂ ਡਾ.ਅਮਰੀਕ ਸਿੰਘ ਨੇ ਕਿਹਾ ਕਿ ਜ਼ਿਲਾ ਫ਼ਰੀਦਕੋਟ ਵਿੱਚ ਨਰਮੇ ਦੀ ਕਾਸ਼ਤ ਘਟ ਪਾਣੀ ਵਾਲੇ ਇਲਾਕਿਆਂ ਵਿਚ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਪਿਛਲੇ ਸਾਲ ਮੌਸਮੀ ਖਰਾਬੀ ਦੇ ਕਾਰਨ ਨਰਮੇ ਦੀ ਫਸਲ ਦੀ ਪੈਦਾਵਰ ਘੱਟ ਮਿਲੀ ਸੀ ਜਿਸ ਕਾਰਨ ਕਿਸਾਨਾਂ ਨੂੰ ਕਾਫੀ ਨੁਕਸਾਨ ਝੱਲਣਾ ਪਿਆ ਸੀ। ਉਨਾਂ ਕਿਹਾ ਕਿ ਨਰਮੇ ਦੀ ਫਸਲ ਨੂੰ ਮੁੱਖ ਤੌਰ ‘ਤੇ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਨਾਮੀ ਕੀਟ ਨੁਕਸਾਨ ਪਹੁੰਚਾਉਂਦੇ ਹਨ ,ਜਿਨ੍ਹਾਂ ਦੀ ਰੋਕਥਾਮ ਲਈ ਨਿਰੰਤਰ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੁੰਦੀ ਹੈ। ਉਨਾਂ ਕਿਹਾ ਕਿ ਨਰਮੇ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪਿੰਡ ਖਾਰਾ ਨੂੰ ਨਰਮੇ ਦੀ ਕਾਸ਼ਤ ਲਈ ਨਮੂਨੇ ਦੇ ਪਿੰਡ ਵਜੋਂ ਵਿਕਸਤ ਕੀਤਾ ਜਾਵੇਗਾ। ਉਨਾਂ ਕਿਹਾ ਕਿ ਨਰਮੇ ਦੀ ਫ਼ਸਲ ਲਈ ਜੂਨ ਮਹੀਨਾ ਬਹੁਤ ਅਹਿਮ ਹੁੰਦਾ ਹੈ। ਉਨਾਂ ਕਿਹਾ ਕਿ ਸਮੇਂ ਸਿਰ ਬੀਜੀ ਗਈ ਨਰਮੇ ਦੀ ਫਸਲ ਨੂੰ ਪਹਿਲਾ ਪਾਣੀ ਬਿਜਾਈ ਤੋਂ 4-6 ਹਫ਼ਤਿਆਂ ਬਾਅਦ ਲਗਾਓ ਅਤੇ ਸੰਘਣੇ ਬੂਟਿਆਂ ਨੂੰ ਵਿਰਲੇ ਕਰੋ ਅਤੇ ਵਿਰਲਾ ਕਰਦੇ ਸਮੇਂ ਬੂਟੇ ਤੋਂ ਬੂਟੇ ਦਾ ਫਾਸਲਾ 75 ਸੈਂਟੀ ਮੀਟਰ ਦੋਗਲੀ ਬੀ ਟੀ ਨਰਮੇ ਦੀ ਕਿਸਮਾਂ ਵਿਚਕਾਰ ਰੱਖੋ ਉਨਾਂ ਕਿਹਾ ਕਿ ਪਹਿਲੇ ਪਾਣੀ ਮਗਰੋਂ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ। ਮੁਕੰਮਲ ਤੌਰ ਤੇ ਨਦੀਨਾਂ ਦੀ ਰੋਕਥਾਮ ਲਈ 2-3 ਗੋਡੀਆਂ ਕਾਫੀ ਹਨ। ਉਨਾਂ ਕਿਹਾ ਕਿ ਚਿੱਟੀ ਮੱਖੀ, ਹਰਾ ਤੇਲਾ, ਭੂਰੀ ਜੂੰ,ਮਿਲੀ ਬੱਗ ਅਤੇ ਹੋਰ ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਸਰਵੇਖਣ ਕਰੋ।ਉਨਾਂ ਕਿਹਾ ਪਹਿਲਾ ਪਾਣੀ ਲਾਉਣ ਉਪਰੰਤ ਜਾਂ ਬਰਸਾਤ ਤੋਂ ਬਾਅਦ ਉੱਗੇ ਮੋਥੇ ਅਤੇ ਹੋਰ ਨਦੀਨਾਂ ਦੀ ਰੋਕਥਾਮ ਲਈ 500 ਮਿਲੀ ਲਿਟਰ ਪੈਰਾਕੁਐਟ 24 ਤਾਕਤ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਨਰਮੇ ਦੀਆਂ ਦੋ ਲਾਈਨਾਂ ਵਿਚ ਛਿੜਕਾਅ ਕਰੋ। ਛਿੜਕਾਅ ਕਰਦੇ ਸਮੇਂ ਨੌਜ਼ਲ ਅੱਗੇ ਸੁਰੱਖਿਅਤ ਹੁੱਡ ਜ਼ਰੂਰ ਲਗਾ ਲਓ ਤਾਂ ਨਰਮੇ ਦੀ ਫ਼ਸਲ ਨਦੀਨਨਾਸ਼ਕ ਨਾਲ ਪ੍ਰਭਾਵਤ ਨਾਂ ਹੋਵੇ। ਉਨਾਂ ਕਿਹਾ ਕਿ ਨਰਮੇ ਦੀ ਬਿਜਾਈ ਤੋਂ 40-50 ਦਿਨਾਂ ਬਾਅਦ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕ੍ਰੇਮੀਟ/ਨੇਟਮੈਟ ,ਪੀ ਬੀ ਰੋਪ ਜਾਂ ਸੈਕਸ ਫਿਰੋਮਨ ਟ੍ਰੈਪ ਨਰਮੇ ਦੀ ਫਸਲ ਵਿਚ ਲਗਾਓ। ਉਨਾਂ ਕਿਹਾ ਕਿ ਨਰਮੇ ਦੀ ਫਸਲ ਉੱਪਰ ਕਿਸੇ ਤਰਾਂ ਦੀ ਵੀ ਸਮੱਸਿਆ ਆਵੇ ਤਾਂ ਖੇਤੀ ਅਧਿਕਾਰੀਆਂ ਨਾਲ ਸੰਪਰਕ ਕਰੋ ਅਤੇ ਕਿਸੇ ਵੀ ਆਂਢੀ ਗੁਆਂਢੀ ਜਾਂ ਦੁਕਾਨਦਾਰ ਦੇ ਕਹੇ ਤੇ ਕੋਈ ਛਿੜਕਾਅ ਨਾਂ ਕਰੋ।

## ਰਵਨੀਤ ਭਿੱਟੂ ਨੇ ‘ਮਾਂ-ਭੋਲੀ’ ਦੀ ਪਿੱਠ ‘ਚ ਮਾਰਿਆ



ਅੱਜ ਅਸੀਂ ਇਕੀਵੀਂ ਸਦੀ ਵਿਚ ਪ੍ਰਵੇਸ਼ ਕਰ ਚੁੱਕੇ ਹਾਂ, ਜਿੱਥੇ ਹਰ ਪਾਸੇ ਤਕਨਾਲੋਜੀ ਦਾ ਭੋਲਭਾਲਾ ਹੈ। ਅਧੁਨਿਕ ਮੀਡੀਆ, ਦੂਰਦਰਸ਼ਨ, ਟੀ ਵੀ ਚੈਨਲਾਂ, ਅਤੇ ਅੰਤਰ-ਰਾਸ਼ਟਰੀ ਸੈਟੇਲਾਈਟ ਨੇ ਦੇਸ਼ਾਂ- ਵਿਦੇਸ਼ਾਂ ਵਿਚ ਵਸਦੇ ਮਨੁੱਖੀ-ਭਾਈਚਾਰੇ ‘ਤੇ ਆਪਣੀ ਗਹਿਰੀ ਛਾਪ ਛੱਡੀ ਹੈ। ਅਸੀਂ ਸਾਰੇ ਇਕ ਅਜਿਹੇ ਅਧੁਨਿਕ-ਯੁੱਗ ਵਿਚ ਵਸਦੇ ਹਾਂ, ਜਿੱਥੇ ਕੋਈ ਵੀ ਵਿਅਕਤੀ ਅੰਤਰ-ਰਾਸ਼ਟਰੀ ਭਾਈਚਾਰੇ ਤੋਂ ਅਲੱਗ ਨਹੀਂ ਰਹਿ ਸਕਦਾ। ਭਾਰਤ ਦੀ ਰਾਜਧਾਨੀ ਦਿੱਲੀ ਵਿਚ ਪੂਰੀ ਸ਼ਾਨ-ਓ-ਸ਼ੌਕਤ ਨਾਲ ਆਯੋਜਿਤ ਕੀਤੇ ਗਏ ਸੌਂਹ-ਚੁੱਕ ਸਮਾਗਮ ਦੀ ਝਲਕ ਟੀ ਵੀ ਚੈਨਲਾਂ ‘ਤੇ ਦੇਖਣ ਨੂੰ ਮਿਲੀ। ਭਾਰਤ ਦੇ ਵੱਖ- ਵੱਖ ਖ਼ੇਤਰਾਂ ‘ਤੋਂ ਜਨਤਾ ਵਲੋਂ ਚੁਣੇ ਗਏ ਨੇਤਾਵਾਂ ਨੇ ਸਰਕਾਰੀ ਸੌਂਹ-ਚੁੱਕ ਸਮਾਗਮ ਵਿਚ ਹਿੱਸਾ ਲਿਆ। ਪਰ ਦੁੱਖ ਉਸ ਵੇਲੇ ਹੋਇਆ ਜਦੋਂ ਪੰਜਾਭ ਅਤੇ ਪੰਜਾਭੀ-ਭਾਸ਼ਾ ਦਾ ਸਹਾਰਾ ਲੈ ਕੇ ਰਾਜ- ਮੰਤਰੀ ਦੇ ਮੁਕਾਮ ਤਕ ਪਹੁੰਚਣ ਵਾਲੇ ਰਵਨੀਤ ਭਿੱਟੂ ਨੇ ਸੌਂਹ ਚੁੱਕਦੇ ਸਮੇਂ ਆਪਣੀ ਮਾਂ-ਭੋਲੀ ਪੰਜਾਭੀ ਤੋਂ ਮੁੱਖ ਮੋੜ ਲਿਆ। ਸਮਾਗਮ ਦੌਰਾਨ ਭਿੱਟੂ ਵਲੋਂ ਅੰਗਰੇਜ਼ੀ ਭਾਸ਼ਾ ਵਿਚ ਕਹੇ ਗਏ ਭੋਲ ਸੀਨਾ ਵਿੰਨ੍ਹ ਗਏ। ਐਸਾ ਲੱਗਦਾ ਹੈ ਕਿ ਰਵਨੀਤ ਭਿੱਟੂ ਨੇ ਨਾ ਸਿਰਫ਼ ਅੰਗਰੇਜ਼ੀ-ਭਾਸ਼ਾ ਵਿਚ ਸੌਂਹ ਚੁੱਕਣ ਵਿਚ ਫ਼ਖ਼ਰ ਹੀ ਮਹਿਸੂਸ ਕੀਤਾ ਹੋਵੇ ਭਲਕਿ ਆਪਣੀ ਮਾਂ-ਭੋਲੀ ਪੰਜਾਭੀ ਨੂੰ ਨਜ਼ਰ-ਅੰਦਾਜ਼ ਕਰਨ ਵਿਚ ਵੀ ਉਨਾਂ ਨੂੰ ਭਹੁਤ ਵੱਡੀ ਸ਼ਾਨ ਨਜ਼ਰ ਆਉਂਦੀ ਹੋਵੇ। ਆਪਣੇ ਮੰਤਰੀ-ਪਦ ਦੀ ਸੌਂਹ ਚੁੱਕਣ ਵਾਲੇ ਰਵਨੀਤ ਭਿੱਟੂ ਨੂੰ ਆਪਣੀ ਮਾਂ-ਭੋਲੀ ਤੋਂ ਭੇ-ਮੁੱਖ ਹੁੰਦਿਆਂ ਵੇਖ, ਮੈਨੂੰ ਸਾਡੇ ਪੰਜਾਭੀ ਸਿਆਸਤਦਾਨਾਂ ਦੇ ਚਿਹਰੇ ਧੁੰਦਲੇ ਦਿਖਾਈ ਦੇਣ ਲੱਗੇ ਹਨ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਦਲਭੀਰ ਸਿੰਘ ਕਥੂਰੀਆ, ਚੇਅਰਮੈਨ, ਵਿਸ਼ਵ ਪੰਜਾਭੀ ਸਭਾ ਕੈਨੇਡਾ ਵਲੋਂ ਕੀਤਾ ਗਿਆ।

ਡਾ. ਕਥੂਰੀਆ ਨੇ ਅੱਗੇ ਕਿਹਾ ਕਿ ਹਰ ਇਨਸਾਨ ਦੀਆਂ ਦੋ ਮਾਂਵਾਂ ਹੁੰਦੀਆਂ ਹਨ....ਇਕ ਸਾਨੂੰ ਜਨਮ ਦੇਣ ਵਾਲੀ ‘ਮਾਂ’ ਅਤੇ ਦੂਸਰੀ ਮਨੁੱਖ ਭਚਪਨ ਵਿਚ ਆਪਣੀ ‘ਮਾਂ’ ਤੋਂ ਜਿਹੜੀ ਭਾਸ਼ਾ ਵਿਚ ਲੋਰੀਆਂ ਸੁਣਦਾ ਹੈ, ਝਿੜਕਾਂ ਖਾਂਦਾ ਹੈ, ਪਾਠਸ਼ਾਲਾ ਤੋਂ ਮੁੱਢਲੀ-ਸਿੱਖਿਆ ਗ੍ਰਹਿਣ ਕਰਦਾ ਹੈ ਅਤੇ ਆਪਣੇ ਦੇਸ਼ ਨਾਲ ਪਿਆਰ ਕਰਨ ਲਈ ਜਿਹੜੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ, ਉਹ ਸਾਡੀ ਮਾਂ-ਭੋਲੀ ਅਖਵਾਉਂਦੀ ਹੈ। ਤੇ ਹੁਣ ਭਿੱਟੂ ਸਾਹਿਭ, ਜਦੋਂ ਤੁਸੀਂ ਆਪਣੀ ਮਾਂ-ਭੋਲੀ ਨੂੰ ਪਿੱਠ ਦਿਖਾ ਰਹੇ ਹੋ ਤਾਂ ਸਪਸ਼ਟ ਹੈ ਕਿ ਤੁਸੀਂ ਆਪਣੀ ‘ਮਾਂ’ ਦੀ ਪਿੱਠ ਵਿਚ ਛੁਰਾ ਮਾਰ ਰਹੇ ਹੋ। ਭਿੱਟੂ ਜੀ, ਪਤਾ ਨਹੀਂ ਤੁਸੀਂ ਕਿਉਂ ਭੁੱਲ ਗਏ ਹੋ ਕਿ ਆਪਣੀ ਮਾਂ-ਭੋਲੀ ਨਾਲ ਮਤਰੇਆ ਸਲੂਕ ਕਰਨ ਵਾਲਾ ਭੰਦਾ, ਹਮੇਸ਼ਾਂ ਦੂਸਰਿਆਂ ਪਾਸੋਂ ਵੀ ਮਤਰੇਈ ਸਲੂਕ ਦਾ ਹੀ ਪਾਤਰ ਭਣਦਾ ਹੈ। ਯਾਦ ਰੱਖੋ! ਕਿ ਆਪਣੀ ‘ਮਾਂ’ ਨੂੰ ਮਾਰ ਕੇ ਆਏ ਵਿਅਕਤੀ ਨੂੰ ਤਾਂ ਕੋਈ ਭੰਦਾ ਆਪਣੇ ਘਰ ਦੇ ਵਿਹੜੇ ‘ਚ ਵੀ ਵਾੜਨ ਦੇ ਕਾਭਲ ਨਹੀਂ ਸਮਝਦਾ। ਪਰ ਅਫਸੋਸ ਕਿ ਮਾਂ-ਭੋਲੀ ਪੰਜਾਭੀ ਦੇ ਮਾਮਲੇ ਵਿਚ ਤੁਸੀਂ ਇਨੇਂ ਅਵੇਸਲੇ ਕਿਉਂ ਹੋ ਗਏ? ਅੰਗਰੇਜ਼ੀ ਭਾਸ਼ਾ ਦੀ ਗੁਲਾਮੀ ਕਰਨਾ ਪਤਾ ਨਹੀਂ ਤੁਹਾਨੂੰ ਕਿਉਂ ਪਸੰਦ ਆਇਆ, ਇਹ ਗੱਲ ਸਮਝ ਨਹੀਂ ਆਉਂਦੀ। ਮੰਨਿਆ ਕਿ ਤੁਸੀਂ ਵਫਾਦਾਰੀਆਂ ਭਦਲਣ ਵਿਚ ਭਹੁਤ ਮਾਹਿਰ ਹੋ ਪਰ ਦੁੱਖ ਉਦੋਂ ਹੁੰਦਾ ਹੈ ਜਦੋਂ ਤੁਸੀਂ ਆਪਣੀ ‘ਮਾਂ’ ਨਾਲ ਵੀ ਵਫ਼ਾ ਨਹੀਂ ਕਮਾ ਰਹੇ।

## ਸਵਰਗੀ ਸਰਦਾਰ ਅਰਜਨ ਸਿੰਘ ਬਾਠ ਜੀ ਦੀ ਯਾਦ ਵਿੱਚ ਅੱਖਾਂ ਦਾ ਫਰੀ ਕੈਂਪ ਲਗਾਇਆ ਗਿਆ




ਜਲੰਧਰ 15 ਜੂਨ : ਹਰਦੋ ਫਰੋਲਾ ( ਜਲੰਧਰ) ਵਿਖੇ ਅਜ ਪੰਜਾਬ ਭਵਨ ਸੰਸਥਾਪਕ ਸ੍ਰੀ ਸੁਖੀ ਬਾਠ ਜੀ ਵੱਲੋਂ ਆਪਣੇ ਪਿਤਾ ਸਵਰਗੀ ਸਰਦਾਰ ਅਰਜਨ ਸਿੰਘ ਬਾਠ ਜੀ ਦੀ ਯਾਦ ਵਿੱਚ ਅੱਖਾਂ ਦਾ ਫਰੀ ਕੈਂਪ ਲਗਾਇਆ ਗਿਆ ਜਿਸ ਦੇ ਵਿੱਚ ਵੱਖ ਵੱਖ ਪਿੰਡਾਂ, ਸ਼ਹਿਰਾਂ ਤੋਂ ਲੋਕੀ ਅੱਖਾਂ ਦਾ ਚੈੱਕ ਅਪ ਕਰਵਾਉਣ ਦੇ ਲਈ ਵਿਸ਼ੇਸ਼ ਤੌਰ ਤੇ ਹਰਦੋ ਫਰਾਲ ਵਿਖੇ ਪਹੁੰਚੇ। ਜਿੱਥੇ ਡਾ ਰਮੇਸ਼ ਸੁਪਰਸਪੈਸ਼ਲਟੀ ਆਈ ਐਂਡ ਲੇਜ਼ਰ ਸੈਂਟਰ ਵੱਲੋਂ ਬਹੁਤ ਹੀ ਵਧੀਆ ਤਰੀਕੇ ਦੇ ਨਾਲ ਲੋੜਵੰਦਾਂ ਦੀਆਂ ਅੱਖਾਂ ਦੇ ਟੈਸਟ ਕੀਤੇ ਗਏ ਉਹਨਾਂ ਦੀਆ ਅੱਖਾਂ ਦੇ ਆਪਰੇਸ਼ਨ ਕਰਕੇ ਆਧੁਨਿਕ ਟੈਕਨਾਲੋਜੀ ਦੇ ਲੈੱਨਜ਼ ਪਵਾਏ ਗਏ ਅਤੇ ਉਹਨਾਂ ਨੂੰ ਫਰੀ ਦੇ ਵਿੱਚ ਦਵਾਈਆਂ ਦਿੱਤੀਆਂ ਗਈਆਂ। ਉਹਨਾਂ ਦੇ ਆਉਣ ਜਾਣ ਟਰਾਂਸਪੋਰਟੇਸ਼ਨ ਦੀ ਸਹੂਲਤ ਮੁਹੱਈਆ ਕਰਵਾਈ ਗਈ ਤਾਂ ਜੋ ਉਹਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਪੁਨਰਜੋਤ ਦੀ ਪੂਰੀ ਟੀਮ ਨੇ ਬਹੁਤ ਹੀ ਵਧੀਆ ਤਰੀਕੇ ਦੇ ਨਾਲ ਲੋੜਵੰਦਾਂ ਦੀ ਮੱਦਦ ਕੀਤੀ ਅਤੇ ਉਹਨਾਂ ਦੇ ਚੈੱਕ ਅੱਪ ਕਰਵਾਉਣ ਦੇ ਵਿੱਚ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ ਇਸ ਅੱਖਾਂ ਦੇ ਕੈਂਪ ਦੇ ਵਿੱਚ ਸ੍ਰੀ ਸੁੱਖੀ ਬਾਠ ਜੀ ਆਪਣੇ ਪਰਿਵਾਰ ਦੇ ਸਮੇਤ ਪਹੁੰਚੇ ਸਨ।

## ਸ਼ੂਟਿੰਗ ਮੁਕਾਬਲਿਆਂ ’ਚ ਬਾਬਾ ਫਰੀਦ ਸਕੂਲ ਦੇ ਵਿਦਿਆਰਥੀ ਰਹੇ ਮੋਹਰੀ

ਫਰੀਦਕੋਟ, 15 ਜੂਨ : ਜਿਲਾ ਡਿਸਟਿਕ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਫਰੀਦਕੋਟ ਵੱਲੋਂ ਏਅਰ ਰਾਈਫਲ, ਏਅਰ ਪਿਸਟਲ, ਸਮਾਲ ਬੋਰ ਸੂਟਿੰਗ ਚੈਂਪੀਅਨਸ਼ਿਪ ਬਾਬਾ ਫਰੀਦ ਪਬਲਿਕ ਸਕੂਲ ਦੀ ਸ਼ੂਟਿੰਗ ਰੇਂਜ ਵਿੱਚ ਕਰਵਾਈ ਗਈ। ਜਿਸ ਵਿੱਚ ਫਰੀਦਕੋਟ ਜਿਲੇ ਦੇ ਲਗਭਗ 36 ਵਿਦਿਆਰਥੀਆਂ ਨੇ ਭਾਗ ਲਿਆ। ਬਾਬਾ ਫਰੀਦ ਪਬਲਿਕ ਸਕੂਲ ਦੇ ਪ੍ਰਿੰਸੀਪਲ ਮੈਡਮ ਸੁਖਦੀਪ ਕੌਰ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ’ਚ ਬਾਬਾ ਫਰੀਦ



ਸਕੂਲ ਦੇ 11 ਵਿਦਿਆਰਥੀਆਂ ਨੇ ਸਬ ਯੂਥ ਅਤੇ ਯੂਥ ਵਿੱਚ ਆਪਣੀ ਕਾਰਗੁਜਾਰੀ ਦਿਖਾਉਂਦੇ ਹੋਏ 14 ਮੈਡਲ ਹਾਸਲ ਕੀਤੇ। ਜਿਸ ਵਿੱਚ ਸੁਖਮਨਜੀਤ ਕੌਰ ਨੇ ਦੋ ਸੋਨ ਤਗਮੇ, ਗੁਪੇਸ਼ ਕੁਮਾਰ ਨੇ ਇੱਕ ਸੋਨ ਤਗਮਾ, ਅਰਮਾਨ ਸਿੰਘ ਸੇਖੋਂ ਨੇ ਦੋ ਸੋਨ ਤਗਮੇ, ਹਰਪ੍ਰੀਤ ਸਿੰਘ ਨੇ ਇੱਕ ਸੋਨ ਤਗਮਾ, ਇਸੇ ਤਰਾਂ ਆਂਚਲ, ਤਨਵੀਰ ਕੌਰ, ਅੰਮ੍ਰਿਤਪਾਲ ਸਿੰਘ, ਹਰਜੋਤ ਤੇਸ਼ਿਵ ਕੁਮਾਰ ਨੇ ਇੱਕ-ਇੱਕ ਚਾਂਦੀ ਦਾ ਤਗਮਾ, ਸੇਰਵੀਰ ਸਿੰਘ ਨੇ ਇੱਕ ਚਾਂਦੀ ਅਤੇ ਇੱਕ ਕਾਂਸੀ ਅਤੇ ਗੁਰਕੀਰਤ ਸਿੰਘ ਨੇ ਇੱਕ ਕਾਂਸੀ ਦਾ ਤਗਮਾ ਜਿੱਤ ਕੇ ਕੁੱਲ 14 ਤਗਮੇ ਅਦਾਰੇ ਦੀ ਝੋਲੀ ’ਚ ਪਾ ਕੇ ਇਹ ਵਿਦਿਆਰਥੀ ਰਾਜ ਪੱਧਰ ਦੇ ਮੁਕਾਬਲਿਆਂ ’ਚ ਹਿੱਸਾ ਲੈਣਗੇ। ਅਦਾਰੇ ਦੇ ਚੇਅਰਮੈਨ ਸਿਮਰਜੀਤ ਸਿੰਘ ਸੇਖੋਂ ਨੇ ਵਿਦਿਆਰਥੀ ਅਤੇ ਅਧਿਆਪਕ ਗੁਰਵਿੰਦਰ ਸਿੰਘ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਆਪਣੀ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਪਰਮਾਤਮਾ ਅੱਗੇ ਇਹ ਅਰਦਾਸ ਹੈ ਕਿ ਇਹ ਵਿਦਿਆਰਥੀ ਅੱਗੇ ਵੀ ਅਜਿਹੀਆਂ ਪ੍ਰਾਪਤੀਆਂ ਹਾਸਲ ਕਰਨ ਤੇ ਅਦਾਰੇ, ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨ। ਬਾਬਾ ਫਰੀਦ ਜੀ ਦੀ ਅਪਾਰ ਬਖਸ਼ਿਸ਼ ਹਮੇਸ਼ਾਂ ਅਦਾਰੇ ਉੱਪਰ ਬਣੀ ਰਹੇ ਤੇ ਅਦਾਰਾ ਹਮੇਸ਼ਾਂ ਉਚੇਰੀਆਂ ਬੁਲੰਦੀਆਂ ਨੂੰ ਛੂੰਹਦਾ ਰਹੇ।

## ਸੋਮਵਾਰ ਤੋਂ ਐਤਵਾਰ ਤੱਕ ਕਿਹੜੇ ਦਿਨ ਪਾਈਏ, ਕਿਹੜੇ ਰੰਗ, ਚਮਕੇਗੀ ਕਿਸਮਤ!

ਵਰਲਡ ਪੰਜਾਬੀ ਟਾਈਮਜ਼ – ਡਾ. ਸੁਖਵੀਰ ਸਿੰਘ



ਵੇਦਾਂ ਅਤੇ ਸ਼ਾਸਤਰਾਂ ਵਿੱਚ ਹਰ ਦਿਨ ਅਲੱਗ-ਅਲੱਗ ਰੰਗਾਂ ਦੇ ਕੱਪੜੇ ਪਾਉਣ ਨਾਲ ਵਿਅਕਤੀ ਨੂੰ ਲਾਭ ਹੁੰਦਾ ਹੈ। ਹਫਤੇ ਦੇ 7 ਦਿਨ ਅਲੱਗ-ਅਲੱਗ ਰੰਗਾਂ ਦਾ ਵਿਧਾਨ ਦੱਸਿਆਂ ਗਿਆ ਹੈ। ਧਾਰਮਿਕ ਪਰੰਮਪਰਾਂ ਦੇ ਅਨੁਸਾਰ ਵਿਅਕਤੀ ਨੂੰ ਹਰ ਦਿਨ ਅਤੇ ਗ੍ਰਹਿ ਦੇ ਅਨੁਸਾਰ ਅਲੱਗ-ਅਲੱਗ ਰੰਗਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ। ਸੋਮਵਾਰ ਤੋਂ ਐਤਵਾਰ ਤੱਕ ਅਲੱਗ-ਅਲੱਗ ਰੰਗਾਂ ਦੇ ਕੱਪੜੇ ਪਾਉਣੇ ਚਾਹੀਦੇ ਹਨ। ਭਾਰਤੀ ਸੰਸਕ੍ਰਿਤੀ ਅਤੇ ਪਰੰਮਪਰਾਂ ਦੇ ਅਨੁਸਾਰ ਵੇਦਾਂ ਅਤੇ ਸ਼ਾਸਤਰਾਂ ਵਿੱਚ ਇਹਨਾਂ ਦਾ ਵਰਣਨ ਮਿਲਦਾ ਹੈ। ਦਿਨ ਦੇ ਅਨੁਸਾਰ ਅੱਲਗ-ਅਲੱਗ ਰੰਗਾਂ ਦੇ ਕੱਪੜੇ ਪਾਉਣ ਨਾਲ ਵਿਅਕਤੀ ਨੂੰ ਊਰਜਾ ਮਿਲਦੀ ਹੈ ਅਤੇ ਮਾਤਾ ਲੱਛਮੀ ਦੀ ਕ੍ਰਿਪਾ ਦੀ ਹੁੰਦੀ ਹੈ। ਇਸ ਨਾਲ ਧਨ ਦੀ ਜੀਵਨ ਵਿੱਚ ਕਦੇ ਕਮੀ ਨਹੀ ਰਹਿੰਦੀ। ਨਿਆਂ ਦੇ ਦੇਵਤਾ ਸ਼ਨੀ ਅਤੇ ਰਾਹੂ-ਕੇਤੂ ਵੀ ਪ੍ਰਸੰਨ ਹੋ ਜਾਂਦੇ ਹਨ। ਬਜਰੰਗ ਬਲੀ ਜੀ ਦੀ ਕ੍ਰਿਪਾ ਸਤਾਂ ਬਣੀ ਰਹਿੰਦੀ ਹੈ।
ਆਓ ਜਾਣਦੇ ਹਾਂ ਕਿਹੜੇ ਦਿਨ ਕਿਹੜੇ ਰੰਗ ਪਾਏ:-

• ਸੋਮਵਾਰ : ਸੋਮਵਾਰ ਦਾ ਦਿਨ ਜੋ ਕਿ ਚੰਦਰਮਾਂ ਦਾ ਦਿਨ ਮੰਨਿਆ ਜਾਂਦਾ ਹੈ। ਇਸ ਦਿਨ ਸਾਨੂੰ ਸਫੇਦ, ਕਰੀਮ ਰੰਗ ਦੇ ਕੱਪੜੇ ਪਾਉਣੇ ਚਾਹੀਦੇ ਹਨ। ਸਫੇਦ ਰੰਗ ਪਾਉਣ ਨਾਲ ਵਿਅਕਤੀ ਦਾ ਮਨ ਸ਼ਾਂਤ ਰਹਿੰਦਾ ਹੈ ਅਤੇ ਇਸ ਨਾਲ ਸ਼ਿਵ ਜੀ ਮਹਾਂਰਾਜ ਦੀ ਕ੍ਰਿਪਾ ਆਪ ਤੇ ਬਣੀ ਰੱਖਦੇ ਹਨ।
• ਮੰਗਲਵਾਰ : ਮੰਗਲਵਾਰ ਦਾ ਦਿਨ ਬਜਰੰਗ ਬਲੀ ਅਤੇ ਮਾਤਾ ਜੀ ਦਾ ਮੰਨਿਆਂ ਗਿਆ ਹੈ।ਮੰਗਲਵਾਰ ਨੂੰ ਵਿਅਕਤੀ ਨੂੰ ਲਾਲ, ਕੇਸਰੀ ਰੰਗ ਦੇ ਕੱਪੜੇ ਪਾਉਣੇ ਚਾਹੀਦੇ ਹਨ, ਇਸ ਨਾਲ ਵਿਅਕਤੀ ਦੀ ਰਕਤਚਾਪ (ਬੀ.ਪੀ.) ਸੱਮਸਿਆ ਤੋਂ ਲਾਭ ਮਿਲਦਾ ਹੈ। ਮੰਗਲਵਾਰ ਨੂੰ ਲਾਲ ਕੱਪੜਾ ਪਾਉਣ ਨਾਲ ਘਰ ਵਿੱਚ ਸ਼ੁੱਭ ਕਾਰਜ ਹੋਣ ਲੱਗ ਜਾਂਦੇ ਹਨ। ਖੂਨ ਦੇ ਰਿਸ਼ਤਿਆਂ ਵਿੱਚ ਮਿਠਾਸ ਆ ਜਾਂਦੀ ਹੈ।
• ਬੁੱਧਵਾਰ : ਬੁੱਧ ਗ੍ਰਹਿ ਜਿਸ ਨੂੰ ਸਭ ਤੋਂ ਨੋਜਵਾਨ ਗ੍ਰਹਿ ਮੰਨਿਆ ਜਾਂਦਾ ਹੈ। ਬੁੱਧਵਾਰ ਵਾਲੇ ਦਿਨ ਤੁਸੀ ਹਾਰੇ ਰੰਗ ਦੇ ਕੱਪੜੇ ਪਾ ਸਕਦੇ ਹੋ। ਬੁੱਧਵਾਰ ਵਾਲੇ ਦਿਨ ਹਰੇ ਕੱਪੜੇ ਪਾਉਣ ਨਾਲ ਵਿਅਕਤੀ ਦੀ ਚਮੜੀ ਸੋਹਣੀ ਤੇ ਚਮਕਦਾਰ ਰਹਿੰਦੀ ਹੈ। ਕਾਰੋਬਾਰ ਵੀ ਚੰਗਾ ਹੋ ਜਾਂਦਾ ਹੈ। ਜੋ ਵਿਅਕਤੀ ਬੁੱਧਵਾਰ ਨੂੰ ਇੱਕ ਪੌਦਾ ਲਗਾਉਦਾ ਹੈ। ਉਸ ਦਾ ਬੁੱਧ ਬਹੁਤ ਉੱਚ ਕੋਟੀ ਦਾ ਹੋ ਜਾਂਦਾ ਹੈ। ਜਿਵੇ ਜਿਵੇ ਪੌਦਾ ਵੱਧੇਗਾਂ ਕਾਰੋਬਾਰ ਬੁਲੰਦੀਆਂ ਤੇ ਪਹੁੰਚ ਜਾਂਦਾ ਹੈ।
• ਵੀਰਵਾਰ : ਬ੍ਰਹਿਸਪਤੀ ਨੂੰ ਸਾਰੇ ਗ੍ਰਹਿਆਂ ਦਾ ਗੁਰੂ ਮੰਨਿਆਂ ਜਾਂਦਾ ਹੈ। ਵੀਰਵਾਰ ਵਾਲੇ ਦਿਨ ਪੀਲੇ ਕੱਪੜੇ ਪਾਉਣੇ ਚਾਹੀਦੇ ਹਨ। ਜਿਸ ਨਾਲ ਵਿਅਕਤੀ ਦਾ ਸਮਾਜ ਵਿੱਚ ਨਾਮ ਸਨਮਾਨ ਵੱਧਦਾ ਹੈ। ਬ੍ਰਹਿਸਪਤੀ ਗ੍ਰਹਿ ਘਰ ਵਿੱਚ ਸੋਨੇ ਦ ਕਮੀ ਨਹੀ ਆਉਣ ਦਿੰਦਾ।
• ਸ਼ੁੱਕਰਵਾਰ : ਸ਼ੁੱਕਰਵਾਰ ਨੂੰ ਮਾਤਾ ਲੱਛਮੀ ਦਾ ਦਿਨ ਮੰਨਿਆਂ ਜਾਂਦਾ ਹੈ। ਇਸ ਦਿਨ ਲਾਲ ਅਤੇ ਸਫੇਦ, ਹਰੇ, ਨੀਲੇ ਰੰਗ ਦੇ ਕੱਪੜੇ ਪਾਏ ਜਾ ਸਕਦੇ ਹਨ। ਸ਼ੁੱਕਰਵਾਰ ਵਾਲੇ ਦਿਨ ਸਫੇਦ ਕੱਪੜੇ ਪਾਉਣ ਨਾਲ ਧਨ, ਦੌਲਤ ਖੂਬਸੂਰਤੀ ਪ੍ਰਾਪਤ ਹੁੰਦੀ ਹੈ। ਵਿਅਕਤੀ ਦਾ ਸਮੋਹਨ ਵੱਧਦਾ ਹੈ। ਆਰਥਿਕ ਸਥਿਤੀ ਵਧੀਆ ਹੋ ਜਾਂਦੀ ਹੈ।
• ਸ਼ਨੀਵਾਰ : ਸ਼ਨੀਵਾਰ ਨੂੰ ਸ਼ਨੀ ਦੇਵਤਾਂ ਦਾ ਦਿਨ ਮੰਨਿਆਂ ਗਿਆ ਹੈ। ਸ਼ਨੀਵਾਰ ਵਾਲੇ ਦਿਨ ਹਮੇਸ਼ਾ ਗੂੜੇ ਰੰਗ ਦੇ ਕੱਪੜੇ ਪਾਉਣੇ ਚਾਹੀਦੇ ਹਨ। ਜਾਮਣੀ, ਕਾਲਾ, ਨੀਲਾ, ਹਰਾ, ਸਫੇਦ ਆਦਿ ਰੰਗ ਪਾ ਸਕਦੇ ਹੋ। ਗੂੜੇ ਰੰਗ ਸ਼ਨੀਵਾਰ ਪਾਉਣ ਨਾਲ ਵਿਅਕਤੀ ਦਟ ਜੋੜਾ ਦਾ ਦਰਦ, ਗਠੀਆਂ ਵਰਗੀ ਸੱਮਸਿਆ ਨੂੰ ਲਾਭ ਮਿਲਦਾ ਹੈ।
• ਐਤਵਾਰ : ਐਤਵਾਰ ਦਾ ਦਿਨ ਸੂਰਜ ਦੇਵਤਾ ਦਾ ਮੰਨਿਆ ਜਾਂਦਾ ਹੈ। ਐਤਵਾਰ ਵਾਲੇ ਦਿਨ ਕੇਸਰੀ, ਲਾਲ ਅਤੇ ਪੀਲੇ ਰੰਗ ਦੇ ਕੱਪੜੇ ਪਾਏ ਜਾ ਸਕਦੇ ਹਨ। ਸਭ ਮੰਗਲ ਹੀ ਮੰਗਲ ਹੋ ਜਾਂਦਾ ਹੈ। ਆਤਮਾ ਖੁਸ਼ ਰਹਿਣ ਲੱਗ ਜਾਂਦੀ ਹੈ।

ਦਿਨ ਰੰਗ
ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਐਤਵਾਰ ਸਫੇਦ, ਪੀਲਾ, ਲਾਲ, ਨਾਰੰਗੀ ਅਤੇ ਕਰੀਮ
ਬੁੱਧਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਕਾਲਾ, ਨੀਲਾ, ਜਾਮਣੀ, ਹਰਾ ਅਤੇ ਗਾਰੇ (ਧੂਹੇ ਵਾਲਾ ਰੰਗ)

# ਪਿਛਲੇ ਸਾਲ ਲੰਮੇ ਦੇਸ ਤੁਰ ਗਿਆ ਸੀ ਸੁਰਾਂਗਲਾ ਸ਼ਾਇਰ ਤਨਵੀਰ ਬੁਖ਼ਾਰੀ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



1974 ਚ ਪਹਿਲੀ ਵਾਰ ਡਾਃ ਜਗਤਾਰ ਜੀ ਦੇ ਮੂੰਹੋਂ ਪਾਕਿਸਤਾਨ ਵੱਸਦੇ ਸ਼ਾਇਰ ਤਨਵੀਰ ਬੁਖ਼ਾਰੀ ਦਾ ਨਾਮ ਸੁਣਿਆ ਸੀ। ਫਿਰ ਉਨ੍ਹਾਂ ਵੱਲੋਂ ਸੰਪਾਦਿਤ ਪੁਸਤਕ ਦੁੱਖ ਦਰਿਆਉਂ ਪਾਰ ਦੇ ਵਿੱਚ ਤਨਵੀਰ ਬੁਖ਼ਾਰੀ ਜੀ ਦੀਆਂ ਕੁਝ ਗ਼ਜ਼ਲਾਂ ਪੜ੍ਹੀਆਂ।ਇਹ ਸ਼ਿਅਰ ਚੇਤਿਆਂ 'ਚ ਖੁਭੇ ਪਏ ਨੇ।

ਮਰ ਗਿਆ ਤਨਵੀਰ ਹੋਈ ਨਾ ਕਿਸੇ ਨੂੰ ਵੀ ਖ਼ਬਰ,
ਨਾਲ ਦੇ ਕਮਰੇ ਚ ਓਵੇਂ ਰੇਡੀਉ ਵੱਜਦਾ ਰਿਹਾ।

ਮੇਰੇ ਸ਼ਿਅਰਾਂ ਵਿੱਚੋਂ ਮੇਰਾ ਆਪਾ ਇੰਜ ਦਿਸ ਆਵੇ,
ਜਿੱਸਰਾਂ ਕਿਸੇ ਡਰੈਵਰ ਕੋਲੋਂ ਡੀਜ਼ਲ ਦੀ ਬੂ ਆਵੇ।
ਉਹਦਾ ਰੂਪ ਉਧਾਰਾ ਲੈ ਕੇ ਗ਼ਜ਼ਲਾਂ ਲੀਕ ਰਿਹਾ ਵਾਂ,
ਮੰਗਵਾਂ ਸੂਟ ਜਿਵੇਂ ਕੋਈ ਪਾ ਕੇ ਇੰਟਰਵਿਊ ਲਈ ਜਾਵੇ।

ਡਰਦਾ ਮਾਰਾ ਡਿੱਗਦਾ ਨਹੀਂ ਮੈਂ, ਆਟਾ ਡੁੱਲ੍ਹ ਜੂ ਕੀੜੀ ਦਾ,
ਨਹੀਂ ਤੇ ਕਦਮ ਕਦਮ ਤੇ ਮੈਨੂੰ ਸੌ ਸੌ ਠੇਡਾ ਆਇਆ ਏ।
ਕਰਦਾ ਸੀ ਇੱਕ ਯਾਦ ਤੇ ਦੂਜਾ ਆਪੇ ਈ ਉੱਠ ਨੱਸਦਾ ਸੀ,
ਟੈਲੀਫੂਨ ਤੇ ਸਾਇੰਸਦਾਨਾਂ ਹਾਲੇ ਕੱਲ੍ਹ ਬਣਾਇਆ ਏ।

ਸੋਚਨਾਂ ਵਾਂ ਜ਼ਿੰਦਗੀ ਏ ਜਾਂ ਕਿਰਾਏ ਦਾ ਮਕਾਨ,
ਜਿਹੜੇ ਵੇਲੇ ਜੀਅ ਕਰੇ, ਮਾਲਕ ਕਹੇ ਜਾ ਨਿਕਲ ਜਾਹ।

ਕੀਹ ਏ ਗ਼ਜ਼ਲ ਬੁਖ਼ਾਰੀਆ,
ਕਤਬਾ ਦਿਲ ਦੀ ਗੋਰ ਦਾ।

ਪਿਛਲੇ ਸਾਲ ਪਾਕਿਸਤਾਨ ਵੱਸਦੇ ਸ਼ਾਇਰਾਂ ਅਫ਼ਜ਼ਲ ਸਾਹਿਰ ਤੇ ਆਸਿਫ਼ ਰਜ਼ਾ ਨੂੰ ਕਿਹਾ ਕਿ ਯਾਰੋ! ਤਨਵੀਰ ਬੁਖ਼ਾਰੀ ਸਾਹਿਬ ਦਾ ਚੋਣਵਾਂ ਪੰਜਾਬੀ ਕਲਾਮ ਗੁਰਮੁਖੀ ਚ ਕਰਕੇ ਭੇਜੋ। ਫਿਰ ਆਸਿਫ਼ ਰਜ਼ਾ ਨੂੰ ਬੇਨਤੀ ਕੀਤੀ। ਦੋਹਾਂ ਨੇ ਇਕਰਾਰ ਕੀਤਾ ਪਰ ਤਨਵੀਰ ਬੁਖ਼ਾਰੀ ਸਾਹਿਬ ਪਿਛਲੇ ਸਾਲ 2023 ਦੇ ਫ਼ਰਵਰੀ ਮਹੀਨੇ ਸਰ ਗੰਗਾ ਰਾਮ ਹਸਪਤਾਲ ਲਾਹੌਰ ਵਿੱਚ ਸਦੀਵੀ ਅਲਵਿਦਾ ਕਹਿ ਗਏ।
ਉਨ੍ਹਾਂ ਦੀ ਸ਼ਾਇਰੀ ਤੇ ਐੱਮ ਫਿੱਲ ਕਰ ਚੁਕੇ ਮਿੱਤਰ ਮਸੂਦ ਮੱਲ੍ਹੀ ਨੇ ਰੋ ਰੋ ਕੇ ਮੈਨੂੰ ਦੱਸਿਆ ਕਿ ਮੇਰਾ ਬਾਬਲ ਵਰਗਾ ਮੁਰਸ਼ਦ ਚਲਾ ਗਿਆ ਹੈ। ਲੰਮੜੇ ਪੈਂਡਿਆਂ ਤੇ।
ਤਨਵੀਰ ਬੁਖ਼ਾਰੀ ਸਾਹਿਬ ਦਾ ਟੈਲੀਫ਼ੋਨ ਨੰਬਰ ਲੈ ਕੇ ਮੈਂ ਚਾਰ ਪੰਜ ਮਹੀਨੇ ਪਹਿਲਾਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਮਨ ਦੀਆਂ ਮਨ ਵਿੱਚ ਰਹਿ ਗਈਆਂ।
ਏਧਰਲੇ ਪੰਜਾਬ ਵਿੱਚ ਉਨ੍ਹਾਂ ਦੀ ਸ਼ਾਇਰੀ ਦਾ ਇੱਕ ਵੀ ਸੰਗ੍ਰਹਿ ਨਹੀਂ ਮਿਲਦਾ। ਏਸੇ ਕਰਕੇ ਦਿਲ ਕੀਤਾ ਸੀ ਕਿ ਉਨ੍ਹਾਂ ਦੇ ਕਲਾਮ ਨੂੰ ਏਧਰ ਛਾਪਿਆ ਜਾਵੇ। ਉਨ੍ਹਾਂ ਦੀ ਸਿਮਰਤੀ ਵਿੱਚ ਹੁਣ ਇਹ ਕਾਰਜ ਸੰਪੂਰਨ ਕਰਾਂਗੇ ਪਰ ਉਹ ਇਸ ਨੂੰ ਆਪ ਨਹੀਂ ਵੇਖ ਸਕਣਗੇ।
ਤਨਵੀਰ ਬੁਖ਼ਾਰੀ ਜੀ ਬਾਰੇ ਕੁਝ ਦੁਨਿਆਵੀ ਜਾਣਕਾਰੀ ਦਾ ਵੀ ਪਤਾ ਹੋਣਾ ਚਾਹੀਦੈ।
ਉਨ੍ਹਾਂ ਦਾ ਮਾਪਿਆਂ ਵੱਲੋਂ ਦਿੱਤਾ ਨਾਮ
ਫ਼ਕੀਰ ਮੁਹੰਮਦ ਸੀ ਪਰ ਕਲਮੀ ਨਾਂ-ਤਨਵੀਰ ਬੁਖ਼ਾਰੀ ਹੀ ਪ੍ਰਵਾਨ ਚੜ੍ਹਿਆ। ਉਨ੍ਹਾਂ ਦੇ ਅੱਬਾ ਜੀ ਦਾ ਨਾਂ-ਅਲਾਮਾ ਅਬਦੁਲ ਰਹਿਮਾਨ ਸ਼ਾਹ ਬੁਖ਼ਾਰੀ ਸੀ।
ਤਨਵੀਰ ਬੁਖ਼ਾਰੀ ਜੀ ਦਾ ਜਨਮ 10 ਨਵੰਬਰ 1939 ਨੂੰ ਸਤਿਲੁਜ ਦਰਿਆ ਕੰਢੇ ਪਿੰਡ ਭਿਖੀਵਿੰਡ ਹਿਠਾੜ , ਜ਼ਿਲਾ ਕਸੂਰ ਵਿੱਚ ਹੋਇਆ।ਐਮ. ਏ ਕਰਕੇ ਉਹ ਅਧਿਆਪਕ ਬਣ ਗਏ।
ਤਨਵੀਰ ਬੁਖ਼ਾਰੀ ਜੀ ਦੀਆਂ ਕਿਤਾਬਾਂ ਦੀ ਗਿਣਤੀ ਤਾਂ ਚਾਰ ਸੈਂਕੜਿਆਂ ਚ ਦੱਸਦੇ ਹਨ ਪਰ ਪ੍ਰਮੁੱਖ ਛਪੀਆਂ ਕਿਤਾਬਾਂ-ਵਿਲਕਣੀਆਂ (ਗ਼ਜ਼ਲ ਸੰਗ੍ਰਹਿ), ਲੋਏ ਲੋਏ (ਗ਼ਜ਼ਲ ਸੰਗ੍ਰਹਿ), ਐਸ਼ ਟਰੇ, (ਗ਼ਜ਼ਲ ਸੰਗ੍ਰਹਿ), ਪੀੜ ਦਾ ਬੂਟਾ (ਗ਼ਜ਼ਲ ਸੰਗ੍ਰਹਿ), ਗ਼ਜ਼ਲ ਸ਼ੀਸ਼ਾ (ਗ਼ਜ਼ਲ ਸੰਗ੍ਰਹਿ) ਕਾਵਿ ਸੰਗ੍ਰਹਿ, ਮੁਕਾਸ਼ਫ਼ਾ, ਬੁਝੀ ਇਸ਼ਕ ਦੀ ਅੱਗ ਨੂੰ ਵਾ ਲੱਗੀ, ਤਾਜ਼ੇ ਫੁੱਲ, ਇਸ਼ਕ ਦੀਆਂ ਛੱਲਾਂ, ਤਨਵੀਰ ਦੇ ਗੀਤ, ਗੋਰੀ ਦੀਆਂ ਝਾਂਜਰਾਂ, ਜਾਹ ਬੇਦਰਦਾ, ਕੁੜੱਤਣਾਂ, ਨਜ਼ਰਾਨਾ, ਸਲਾਮ ਆਖਨਾਂ ਵਾਂ, ਮਾਅਰਫ਼ਤ ਦਾ ਖ਼ਜ਼ੀਨਾ, ਵੈਣ, ਉਦਾਸੀਆਂ, ਸੁਨੇਹੜੇ, ਵਾਸ਼ਨਾ, ਸੋਹਣੀ ਧਰਤੀ, ਮਾਹੀਆ,
ਇਸ ਵੇਲੇ ਉਹ ਕੜਿਆਲ ਕਲਾਂ, ਜ਼ਿਲਾ ਗੁਜਰਾਂਵਾਲਾ (ਪਾਕਿਸਤਾਨ)ਵਿੱਚ ਵੱਸਦੇ ਸਨ। ਯੂਨੀਵਰਸਿਟੀਆਂ ਕਾਲਜਾਂ ਤੇ ਸਕੂਲਾਂ ਲਈ ਲਿਖੀਆਂ ਅਣਗਿਣਤ ਕਿਤਾਬਾਂ ਤੋਂ ਬਿਨਾ ਉਨ੍ਹਾਂ ਦਾ ਡਿਕਸ਼ਨਰੀ ਤੇ ਲੋਕ ਵਿਰਾਸਤ ਦੀ ਪੁਣ ਛਾਣ ਦਾ ਵੱਡਾ ਕੰਮ ਹੈ। ਇਹੋ ਜਹੇ ਧਰਤੀ ਰੰਗੇ ਸ਼ਾਇਰ ਦੁਨੀਆਂ ਤੇ ਕਦੇ ਕਦਾਈਂ ਹੀ ਆਉਂਦੇ ਨੇ। ਤਨਵੀਰ ਬੁਖਾਰੀ ਦੀਆਂ
ਚੋਣਵੀਆਂ ਅੱਠ ਗ਼ਜ਼ਲਾਂ ਨਾਲ ਤੁਸੀਂ ਵੀ ਸਾਂਝ ਪਾਉ।

**ਗ਼ਜ਼ਲ -1**

ਉਮਰ ਪੜ੍ਹੇਂਦਿਆਂ ਬੁੱਢੀ ਹੋਈ, ਹਾਲੇ ਇਲਮ ਅੰਞਾਣਾ।
ਸਮਝ ਕੇ ਆਪਣੇ ਆਪ ਨੂੰ ਦਾਨਾ, ਜਾਹਲ ਰਹਿਆ ਨਿਮਾਣਾ।

ਨਾਦਰ ਸ਼ਾਹ ਦੇ ਲਸ਼ਕਰ ਵਾਂਗੂੰ, ਮਿੱਧ ਗਿਆ ਪੈਰਾਂ ਥੱਲੇ,
ਕਿਹੜੇ ਵਸਲੋਂ ਚੇਤੇ ਆਵੇ, ਸਾਨੂੰ ਵਕਤ ਪੁਰਾਣਾ।

ਅਸੀਂ ਬੇਹਿਰਸੇ ਜਿਹੇ ਜ਼ਰਦਾਰਾ! ਬੁਜ਼ਦਿਲ ਆਂ ਯਾ ਸੂਫ਼ੀ,
ਸਹਿ ਜਾਨੇ ਆਂ ਜ਼ੁਲਮ ਤਿਰੇ ਨੂੰ, ਸਮਝ ਕੇ ਰੱਬ ਦਾ ਭਾਣਾ।

ਖਾ ਜਾਣਾ ਸੀ ਵੇਚ ਕੇ ਰੱਬ ਨੂੰ, ਕਰ ਕੇ ਹੇਰਾ ਫੇਰੀ,
ਜੇਕਰ ਮੁੱਲਾਂ ਵਾਂਗੂੰ ਮੈਂ ਵੀ, ਹੁੰਦਾ ਏਡ ਸਿਆਣਾ।

ਅਸੀਂ ਉਨ੍ਹਾਂ ਚੋਂ ਨਾਹੀਂ ਜਿਹੜੇ, ਨਿਰੇ ਮਰਨ ਲਈ ਜੰਮੇ,
ਅਸੀਂ 'ਬੁਖਾਰੀ' ਦੁਨੀਆਂ ਨੂੰ ਕੋਈ ਕੰਮ ਵਿਖਾ ਕੇ ਜਾਣਾ।

**ਗ਼ਜ਼ਲ-2**
ਅਜੇ ਕਿੰਨੀ ਕੁ ਡੂੰਘੀ ਏ ਸਫ਼ਰ ਦੀ ਰਾਤ ਯਾ ਅੱਲ੍ਹਾ।
ਕਦੋਂ ਆਖ਼ਰ ਬਣੇਗੀ ਮੰਜ਼ਿਲਾਂ ਦੀ ਬਾਤ ਯਾ ਅੱਲ੍ਹਾ।

ਉਡੇਂਦੇ ਪੰਛੀ ਰਲ-ਮਿਲ ਕੇ ਤੇ ਚੁਗਦੇ ਚੋਗ ਵੀ ਸਾਂਝੀ,
ਜੁਦਾ ਏ ਆਦਮੀ ਤੋਂ ਆਦਮੀ ਦੀ ਜ਼ਾਤ ਯਾ ਅੱਲ੍ਹਾ।

ਤੇਰੇ ਆਸੇ ਉਸਾਰੀ ਬੈਠਾ ਹਾਂ ਮੈਂ ਮਹਿਲ ਆਸਾਂ ਦੇ,
ਮੇਰੀ ਕੱਖਾਂ ਦੀ ਕੁੱਲੀ ਵੱਲੇ ਵੀ ਇਕ ਝਾਤ ਯਾ ਅੱਲ੍ਹਾ।

ਵਪਾਰੀ ਤੇਰੇ ਦੁੱਖਾਂ ਦਾ ਮੈਂ ਸ਼ਾਹੂਕਾਰ ਦਰਦਾਂ ਦਾ,
ਨਜ਼ਰ ਆਵੇ ਕੀ ਦੁਨੀਆਂ ਨੂੰ ਮੇਰੀ ਔਕਾਤ ਯਾ ਅੱਲ੍ਹਾ।

ਬਿਨਾ ਤੇਰੀ ਮੁਹੱਬਤ ਦੇ ਸਿਵਾ ਆਪਣੇ ਗੁਨਾਹਾਂ ਤੋਂ,
'ਬੁਖ਼ਾਰੀ' ਕੋਲ ਨਾਹੀਂ ਹੋਰ ਕੋਈ ਸੌਗ਼ਾਤ ਯਾ ਅੱਲ੍ਹਾ।

**ਗ਼ਜ਼ਲ -3**

ਐਡੇ ਕੂੜੇ ਜੱਗ ਵਿਚ ਯਾਰਾ ਸੱਚ ਕਿਵੇਂ ਕੋਈ ਬੋਲੇ।
ਕਿੰਜ ਕਰੇ ਕੋਈ ਦਿਲ ਨੂੰ ਨੰਗਾ ਭੇਦ ਦਿਲਾਂ ਦੇ ਖੋਲ੍ਹੇ।

ਦਗ਼ੀਆਂ ਹੋਈਆਂ ਸੱਧਰਾਂ ਵਾਲੀ ਅੱਗ ਹੀ ਅੱਗ ਚੁਫ਼ੇਰੇ,
ਨੰਗੀ ਚਿੱਟੀ ਆਸ ਨਿਮਾਣੀ ਕਿਹੜੇ ਘੁਰਨੇ ਟੋਲ੍ਹੇ।

ਰਾਤ ਦੇ ਹਿਰਖੀ ਰੁੱਖ ਦੇ ਉੱਤੇ ਚੰਨ ਦਾ ਫੱਟੜ ਪੰਛੀ,
ਖ਼ੇਰੂੰ ਖ਼ੇਰੂੰ ਚਿੜੀਆਂ ਹੋਈਆਂ ਉਡ ਪੁਡ ਗਏ ਮਮੋਲੇ।

ਉਤਲੇ ਉਤਲੇ ਹਾਸਿਆਂ ਅੰਦਰ ਹੁਣ ਥੱਲੇ ਦੇ ਰੋਣੇ,
ਜਿੰਨੇ ਚੀੜ੍ਹੇ ਚਾਨਣ ਬਾਹਰੋਂ ਓਨੇ ਅੰਦਰੋਂ ਪੋਲੇ।


ਰੋਈਏ ਰੱਜ ਰੱਜ ਕੇ ਅੱਜ ਬੱਲੀ ਰਹੇ ਨਾ ਕੋਈ ਉਲਾਹਮਾ,
ਕਿਸ ਨੂੰ ਕਾਹਦੀ ਪੀੜ 'ਬੁਖ਼ਾਰੀ' ਆਵੇ ਤੇ ਦੁਖ ਫੋਲੇ।

**ਗ਼ਜ਼ਲ -4**

ਸਾਹਵਾਂ ਦੀ ਜ਼ੰਜੀਰ ਦੀ ਈ ਕਾਫ਼ੀ ਏ ਮੈਨੂੰ ਸਜ਼ਾ।
ਜਾਣ ਦੇ ਹੁਣ ਜ਼ਿੰਦਗੀ ਨੂੰ ਰੇਤ ਦੇ ਪੈਂਖੜ ਨਾ ਪਾ।

ਕੱਲਾ ਬਹਿ ਕੇ ਕਰਨਾ ਵਾਂ ਜਦ ਗੱਲਾਂ ਆਪਣੇ ਆਪ ਨਾਲ,
ਇੰਜ ਲਗਦਾ ਏ ਜਿਵੇਂ ਹੋਰ ਈ ਕੋਈ ਹੈ ਬੋਲਦਾ।

ਕੀ ਏ ਜੇ ਕਰ ਚੜ੍ਹ ਗਈ ਘੂਕੀ ਜ਼ਰਾ ਕੁ ਵਿਸ਼ ਦੀ,



ਸੱਧਰਾਂ ਦੀ ਸੱਪਣੀ ਦੱਸੋ ਕੀਹਨੂੰ ਜੇ ਡੰਗਿਆ।

ਸੁਫ਼ਨਿਆਂ ਦੇ ਪੈਂਡੇ ਵਿਚ ਸੀ ਉਹ ਵੀ ਮੇਰੇ ਨਾਲ ਨਾਲ,
ਸਫ਼ਰ ਪਰ ਜਗਰਾਤਿਆਂ ਦਾ ਕੱਲ੍ਹਿਆਂ ਕਰਨਾ ਪਿਆ।

ਮਰ ਗਿਆ 'ਤਨਵੀਰ' ਹੋਈ ਨਾ ਕਿਸੇ ਨੂੰ ਵੀ ਖ਼ਬਰ,
ਨਾਲ ਦੇ ਕਮਰੇ 'ਚ ਉਵੇਂ ਰੇਡੀਉ ਵਜਦਾ ਰਿਹਾ।

**ਗ਼ਜ਼ਲ -5**

ਸ਼ਿਅਰ ਸੋਨਾ ਹੋਣ ਤੇ ਟੂੰਬਾਂ ਉਹਨੂੰ ਘੜਵਾ ਦਿਆਂ।
ਸੋਚ ਸ਼ੈ ਹੋਵੇ ਕੋਈ ਤੇ ਉਸਦੇ ਨਾਵੇਂ ਲਾ ਦਿਆਂ।

'ਵਾਜ ਦੇਵੇ ਯਾ ਨਾ ਦੇਵੇ ਓਸਦੀ ਮਰਜ਼ੀ ਹੈ ਇਹ,
ਫ਼ਰਜ਼ ਏ ਇਕਵਾਰ ਉਹਦਾ ਬੂਹਾ ਤੇ ਖੜਕਾ ਦਿਆਂ।

ਮੰਨਿਆਂ ਹੋ ਜਾਏਗਾ ਦੋ ਵਕਤ ਦੀ ਰੋਟੀ ਦਾ ਆਹਰ,
ਘਰ ਦੀਆਂ ਗੱਲਾਂ ਕਿਵੇਂ ਅਖ਼ਬਾਰ ਵਿਚ ਛਪਵਾ ਦਿਆਂ।

ਖ਼ਤਮ ਹੋਵਣ ਫ਼ਾਸਿਲੇ ਤੇ ਮੁੱਕ ਜਾਵੇ ਤੇਰ-ਮੇਰ
ਜੀ ਕਰੇ 'ਤਨਵੀਰ' ਕੰਧਾਂ ਸਾਰੀਆਂ ਈ ਢਾਹ ਦਿਆਂ।

**ਗ਼ਜ਼ਲ -6**
ਹਿਯਾਤੀ ਦੋਸਤੋ ਜੇ ਕਰਬਲਾ ਏ।
ਸ਼ਹਾਦਤ ਪਾਉਣ ਦਾ ਮੈਨੂੰ ਵੀ ਚਾਅ ਏ।
ਮੈਂ ਅੱਖੀਆਂ ਮੀਟ ਕੇ ਪਿਆ ਵੇਖਨਾਂ ਵਾਂ,
ਉਹ ਮੇਰੇ ਸਾਹਮਣੇ ਆਇਆ ਖੜ੍ਹਾ ਏ।
ਨਿਸੂੰਹਾਂ ਬੰਦਿਆਂ ਦੇ ਚਿਹਰਿਆਂ ਤੋਂ,
ਕਿਤਾਬਾਂ 'ਚੋਂ ਭਲਾ ਕੀ ਟੋਲਦਾ ਏ।

ਕਿਰੀ ਜਾਂਦੇ ਨੇ ਇੰਜ ਅੱਖਰ ਲਬਾਂ 'ਚੋਂ,
ਜਿਵੇਂ ਝੋਲੀ 'ਚ ਮੋਰਾ ਹੋ ਗਿਆ ਏ।

ਕੋਈ ਝਾਲੂ ਨਾ ਬਣਦਾ ਏਸ ਦਾ ਵੀ,
'ਬੁਖ਼ਾਰੀ' ਵੀ ਜਿਵੇਂ ਮੇਰਾ ਭਰਾ ਏ।

**ਗ਼ਜ਼ਲ -7**
ਹੁਸਨ ਅੱਖੀਆਂ ਵਿੱਚ ਪਿਆ ਹਜ਼ਮ ਕਰਨਾਂ, ਹੋਇਆ ਸੁੰਨ ਮੈਂ ਹੈਰਤ ਦੇ ਨਾਲ ਨਹੀਂ ਜੀ।
ਸੱਤੇ ਰੰਗ ਸਮੇਟ ਕੇ ਵਿੱਚ ਨੈਣਾਂ, ਅਜੇ ਰੱਜਿਆ ਮੇਰਾ ਖ਼ਿਆਲ ਨਹੀਂ ਜੀ।

ਮੇਰੇ ਮੱਥੇ 'ਤੇ ਵੱਜੀਆਂ ਇੰਜ ਲੀਕਾਂ, ਜਿਵੇਂ ਤਖ਼ਤੀ 'ਤੇ ਲਿਖਦੇ ਬਾਲ ਨਹੀਂ ਜੀ,
ਜਿਹੋ ਜਿਹਾ ਪਏ ਵੇਖਦੇ ਹੋ ਬਾਹਰੋਂ, ਮੇਰਾ ਅੰਦਰੋਂ ਏਹੋ ਜਿਹਾ ਹਾਲ ਨਹੀਂ ਜੀ।

ਰਹਿਨਾਂ ਪਿਛ੍ਹਾਂ ਪੈਰ ਮੈਂ ਜੱਗ ਕੋਲੋਂ, ਅੱਗੇ ਲੰਘਦਾ ਮਾਰ ਕੇ ਛਾਲ਼ ਨਹੀਂ ਜੀ,
ਪਤਾ ਨਹੀਂ ਕਿਓਂ ਲੋਕੜੇ ਵੈਰ ਪੈ ਗਏ, ਮੈਂ ਕਦੇ ਵਿਖਾਇਆ ਕਮਾਲ ਨਹੀਂ ਜੀ।

ਵੱਗ ਪੀੜਾਂ ਦਾ ਆਪੇ ਈ ਚਾਰਨੇ ਆਂ, ਅਸਾਂ ਰੱਖਿਆ ਕੋਈ ਭਿਆਲ ਨਹੀਂ ਜੀ।
ਖ਼ੈਰ ਨਾਲ਼ ਇਹ ਸਾਰਾ ਈ ਆਪਣਾ ਏ, ਕਿਸੇ ਹੀਰ ਸਿਆਲ ਦਾ ਮਾਲ ਨਹੀਂ ਜੀ

ਵਿੱਚੋਂ ਗੱਲ ਦਿਓਂ ਨਿਕਲੇ ਗੱਲ ਜਿਵੇਂ, ਵਿੱਚੋਂ ਨਹਿਰ ਦਿਓਂ ਨਿਕਲ਼ਦਾ ਖਾਲ਼ ਨਹੀਂ ਜੀ,
ਚੋ ਲਵੇ ਹਯਾਤੀ ਦਾ ਨੂਰ ਜਿਵੇਂ, ਡੂਨਾ ਭਰੀ ਦਾ ਡੋਕਿਆਂ ਨਾਲ਼ ਨਹੀਂ ਜੀ।

ਕੀਤਾ ਕੈਦ ਸਮੁੰਦਰ ਨੂੰ ਵਿੱਚ ਕੁੱਜੇ, ਆਖ ਦੇਣਾ ਤੇ ਕੋਈ ਮੁਹਾਲ ਨਹੀਂ ਜੀ,
ਚੁੰਝ ਭਰ ਕੇ ਚਿੜੀ ਜਿਓਂ ਸਮਝਦੀ ਏ, ਪਾਣੀ ਨੈਂ 'ਚ ਰਹਿਆ ਰਵਾਲ ਨਹੀਂ ਜੀ।

ਵਾਂਗ ਬੁੱਤ ਦੇ ਕੁਸਕਦਾ ਬੋਲਦਾ ਨਹੀਂ, ਲੱਗੀ ਹੋਈ ਜਿਵੇਂ ਅਲਫ਼ੀ ਬੁੱਲ੍ਹੀਆਂ 'ਤੇ ,
ਓਥੇ ਖੜਾ ਹੈ ਅੱਜ ਤਨਵੀਰ ਖ਼ੌਰੇ, ਜਿਥੇ ਬੋਲਣ ਦੀ ਹੁੰਦੀ ਮਜਾਲ ਨਹੀਂ ਜੀ।

**ਗ਼ਜ਼ਲ-7**
ਕਿਸੇ ਦੀ ਭਾਲ ਵਿਚ ਪੈ ਕੇ ਖੁਰਾ ਬੈਠੇ ਖੁਰਾ ਅਪਣਾ।
ਅਸੀਂ ਕੀ ਹਾਂ ਤੇ ਕਿਹੜੇ ਹਾਂ ਕੀ ਹੁਣ ਦਸੀਏ ਪਤਾ ਅਪਣਾ।

ਤਿਰੇ ਮਿਲਣ ਤੋਂ ਪਹਿਲੇ ਵੀ ਮੈਂ ਤਾਰੇ ਗਿਣਦਾ ਰਹਿੰਦਾ ਸਾਂ,
ਤਿਰੇ ਮਿਲਣ ਤੋਂ ਮਗਰੋਂ ਵੀ ਹੈ ਓਹੀ ਰਤਜਗਾ ਅਪਣਾ।

ਪਤਾ ਸੀ ਝੱਖੜਾਂ ਦੇ ਕਾਰਨਾਮੇ ਦਾ, ਤੇ ਮੁੜ ਕਾਹਨੂੰ,
ਮੈਂ ਨਾਜ਼ੁਕ ਸ਼ਾਖ ਉੱਤੇ ਪਾ ਲਿਆ ਸੀ ਆਲ੍ਹਣਾ ਅਪਣਾ।

ਤਿਰੇ ਪੈਰੀਂ ਵੀ ਕੰਡੇ ਨੇ, ਮਿਰੇ ਪੋਟੇ ਵੀ ਜ਼ਖ਼ਮੀ ਨੇ,
ਮਿਰਾ ਦਾਰੂ ਵੀ ਹੋ ਜਾਸੀ, ਉਪਾਅ ਕਰ ਦੋਸਤਾ ਅਪਣਾ।

ਬੜਾ ਹੈਰਾਨ ਹੋਵਾਂਗਾ, ਮੈਂ ਕਿਸ ਰੰਗਣ 'ਚ ਆਇਆ ਵਾਂ,
ਪਛਾਤਾ ਈ ਕਿ ਨਈਂ ਖ਼ਬਰੇ, 'ਬੁਖ਼ਾਰੀ' ਆਂ ਤਿਰਾ ਅਪਣਾ।

**ਗ਼ਜ਼ਲ -8**
ਕੀਤਾ ਜਾਂਦਾ ਏ ਤੇ ਆਪੇ ਕਰ ਲਵੋ ਕੋਈ ਉਪਾਅ।
ਉਹ ਤੇ ਦਾਰੂ ਦੇਣ ਦੀ ਥਾਂ ਜ਼ਹਿਰ ਦੇ ਕੇ ਟੁਰ ਗਿਆ।

ਤੋੜਨਾ ਈਂ! ਜੇ ਜ਼ਰੂਰੀ, ਇੱਕ ਪਾਸੇ, ਕਰਕੇ ਤੋੜ,
ਰਸਤੇ ਵਿਚ ਕਿਰਚਾਂ ਖਿੰਡਣ ਇਹ ਠੀਕ ਨਈਓਂ ਬੇਲੀਆ।

ਕੀ ਏ ਜੇ ਕਰ ਚੜ੍ਹ ਗਈ, ਘੂਕੀ ਜ਼ਰਾ ਕੁ ਜ਼ਹਿਰ ਦੀ,
ਸੱਧਰਾਂ ਦੀ ਨਾਗਣੀ ਦੱਸੋ ਕਿਹਨੂੰ ਨਈਂ ਡੰਗਿਆ।

ਸੁਪਨਿਆਂ ਦੇ ਪੈਂਡੇ ਵਿਚ ਵੀ, ਸੀ ਉਹ ਮੇਰੇ ਨਾਲ ਨਾਲ,
ਪਰ ਸਫ਼ਰ ਜਗਰਾਤਿਆਂ ਦਾ ਕੱਲਿਆਂ ਕਰਨਾ ਪਿਆ।

ਛਾਂ ਗ਼ਜ਼ਲ ਦੀ ਮਾਨਣੀ 'ਤਨਵੀਰ' ਤਦ ਹੁੰਦੀ ਨਸੀਬ,
ਦਿਲ ਦੇ ਵਿਹੜੇ ਵਿੱਚ ਉਗ ਆਵੇ ਜੇ ਬੂਟਾ ਪੀੜ ਦਾ।